Punjabi | ਪੰਜਾਬੀ

# ਵਲੰਟੀਅਰ ਸ਼ਮੂਲੀਅਤ ਲਈ

## ਰਾਸ਼ਟਰੀ ਮਿਆਰ

Volunteering AUSTRALIA

# ਤਤਕਰਾ


| | |
|---|---|
| ਦੇਸ਼ ਪ੍ਰਤੀ ਮਾਨਤਾ | 3 |
| ਜਾਣ-ਪਛਾਣ | 3 |
| ਪਿਛੋਕੜ | 4 |
| ਰਾਸ਼ਟਰੀ ਮਿਆਰਾਂ ਦੀ ਵਰਤੋਂ ਕਰਨਾ | 5 |
| ਵਲੰਟੀਅਰਾਂ ਦੀ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ | 7 |
| ਰਾਸ਼ਟਰੀ ਮਿਆਰਾਂ ਬਾਰੇ ਸੰਖੇਪ ਜਾਣਕਾਰੀ | 8 |
| ਸ਼ਬਦਾਵਲੀ | 13 |
| ਸੰਪਰਕ ਵੇਰਵੇ | 16 |


© ਵਲੰਟੀਅਰਿੰਗ ਆਸਟ੍ਰੇਲੀਆ

# ਦੇਸ਼ ਪ੍ਰਤੀ ਮਾਨਤਾ

ਵਲੰਟੀਅਰਿੰਗ ਆਸਟ੍ਰੇਲੀਆ ਆਸਟ੍ਰੇਲੀਆ ਭਰ ਵਿਚਲੇ ਦੇਸ਼ ਦੇ ਪਰੰਪਰਾਗਤ ਨਿਗਰਾਨਾਂ ਅਤੇ ਜ਼ਮੀਨ, ਸਮੁੰਦਰ ਅਤੇ ਭਾਈਚਾਰੇ ਨਾਲ ਉਹਨਾਂ ਦੇ ਸੰਬੰਧਾਂ ਨੂੰ ਸਵੀਕਾਰ ਕਰਦਾ ਹੈ। ਅਸੀਂ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ। ਵਲੰਟੀਅਰਿੰਗ ਆਸਟ੍ਰੇਲੀਆ ਇਹ ਮੰਨਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਫਰਸਟ ਨੇਸ਼ਨ ਕਮਿਊਨਿਟੀਆਂ ਵਿੱਚ ਭਾਈਚਾਰੇ ਵਿੱਚ ਯੋਗਦਾਨ ਪਾਉਣ ਦਾ ਕੰਮ ਹੋ ਰਿਹਾ ਹੈ। ਅਸੀਂ ਫਰਸਟ ਨੇਸ਼ਨਜ਼ ਪੀਪਲਜ਼ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਸੁਲ੍ਹਾ-ਸਫ਼ਾਈ ਨੂੰ ਉਤਸ਼ਾਹਿਤ ਕਰਨ ਲਈ ਵਲੰਟੀਅਰ ਵਜੋਂ ਕੰਮ ਕਰਨ ਅਤੇ ਭਾਈਚਾਰਕ ਤੌਰ 'ਤੇ ਯੋਗਦਾਨ ਪਾਉਣ ਦੀ ਸ਼ਕਤੀ ਦਾ ਜਸ਼ਨ ਮਨਾਉਣ ਲਈ ਵਚਨਬੱਧ ਹਾਂ।

# ਜਾਣ-ਪਛਾਣ

**ਵਲੰਟੀਅਰਾਂ ਦੀ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ** (ਰਾਸ਼ਟਰੀ ਮਿਆਰ) ਵਲੰਟੀਅਰਾਂ ਵਜੋਂ ਕੰਮ ਕਰਨ ਲਈ ਕੀਤੀ ਜਾ ਰਹੀ ਸ਼ਮੂਲੀਅਤ ਨੂੰ ਸੇਧ ਦੇਣ ਲਈ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਦਾ ਢਾਂਚਾ ਹਨ। ਉਹ ਉਹਨਾਂ ਸਾਰੀਆਂ ਸੰਸਥਾਵਾਂ ਅਤੇ ਸਮੂਹਾਂ ਲਈ ਇੱਕ ਜ਼ਰੂਰੀ ਸਰੋਤ ਹਨ ਜੋ ਵਲੰਟੀਅਰਾਂ ਨੂੰ ਸ਼ਾਮਲ ਕਰਦੇ ਹਨ।

ਵਲੰਟੀਅਰਾਂ ਦੀ ਸ਼ਮੂਲੀਅਤ ਦੋ-ਪੱਖੀ ਸੰਬੰਧ ਹੈ। ਇਹ ਵਲੰਟੀਅਰਾਂ ਨੂੰ ਸਮਾਜਿਕ, ਆਰਥਿਕ ਅਤੇ ਭਾਈਚਾਰਕ ਨਤੀਜਿਆਂ ਵਿੱਚ ਯੋਗਦਾਨ ਪਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਇਹ ਸੰਸਥਾਵਾਂ ਅਤੇ ਸਮੂਹਾਂ ਨੂੰ ਆਪਣੇ ਟੀਚਿਆਂ, ਸੁਪਨੇ ਅਤੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।

ਰਾਸ਼ਟਰੀ ਮਿਆਰਾਂ ਨੂੰ ਅਪਣਾਉਣ ਨਾਲ ਵਲੰਟੀਅਰਾਂ ਅਤੇ ਸੰਸਥਾਵਾਂ ਅਤੇ ਸਮੂਹਾਂ ਦੋਵਾਂ ਨੂੰ ਹੀ ਸਿੱਧੇ ਲਾਭ ਹੁੰਦੇ ਹਨ:

- ਉਹ ਵਲੰਟੀਅਰਾਂ ਦੇ ਤਜ਼ਰਬੇ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਵਲੰਟੀਅਰਾਂ ਦੀ ਭਲਾਈ ਨੂੰ ਸਮਰਥਨ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੇ ਯੋਗਦਾਨ ਦੀ ਕਦਰ ਕੀਤੀ ਜਾਂਦੀ ਹੈ।
- ਉਹ ਸੰਸਥਾਵਾਂ ਲਈ ਵਲੰਟੀਅਰਾਂ ਨੂੰ ਆਕਰਸ਼ਿਤ ਕਰਨ, ਪ੍ਰਬੰਧਨ ਕਰਨ ਅਤੇ ਬਰਕਰਾਰ ਰੱਖਣ ਲਈ ਅਤੇ ਪ੍ਰਭਾਵੀ ਜ਼ੋਖਮ ਅਤੇ ਸੁਰੱਖਿਆ ਸੰਬੰਧੀ ਕੰਮ ਦੇ ਸਭ ਤੋਂ ਵਧੀਆ ਤਰੀਕਿਆਂ ਦਾ ਸਮਰਥਨ ਕਰਨ ਵਿੱਚ ਮੱਦਦ ਕਰਨ ਲਈ ਮਾਰਗਦਰਸ਼ਨ ਅਤੇ ਬੈਂਚਮਾਰਕ ਪ੍ਰਦਾਨ ਕਰਦੇ ਹਨ।

ਅਸਟ੍ਰੇਲੀਆ ਵਿੱਚ ਵਲੰਟੀਅਰਿੰਗ ਲਗਾਤਾਰ ਬਦਲਦੀ ਜਾ ਰਹੀ ਹੈ, ਜਿਸ ਵਿੱਚ ਅੱਜ ਦੇ ਸਮੇਂ ਦਾ ਮਾਹੌਲ ਸੰਸਥਾਵਾਂ ਅਤੇ ਵਲੰਟੀਅਰਾਂ ਲਈ ਇੱਕੋ ਜਿਹੇ ਮੌਕੇ ਅਤੇ ਚੁਣੌਤੀਆਂ ਪੇਸ਼ ਕਰਦਾ ਹੈ। 2023 ਵਿੱਚ, ਰਾਸ਼ਟਰੀ ਮਿਆਰਾਂ ਦਾ ਇਹ ਯਕੀਨੀ ਬਣਾਉਣ ਦੇ ਉਦੇਸ਼ ਨਾਲ ਨਵੀਨੀਕਰਨ ਕੀਤਾ ਗਿਆ ਸੀ ਕਿ ਭਵਿੱਖ ਵਿੱਚ ਵਲੰਟੀਅਰਿੰਗ ਅੱਗੇ ਵਧਦੀ ਰਹੇ ਅਤੇ ਪ੍ਰਫੁੱਲਿਤ ਹੋਵੇ।

# ਪਿਛੋਕੜ

ਵਲੰਟੀਅਰਾਂ ਦੀ ਸ਼ਮੂਲੀਅਤ ਲਈ ਨਵੇਂ ਰਾਸ਼ਟਰੀ ਮਿਆਰ, 2015 ਵਿੱਚ ਬਣਾਏ ਗਏ ਵਲੰਟੀਅਰਾਂ ਦੀ ਸ਼ਮੂਲੀਅਤ ਲਈ ਪਿਛਲੇ ਰਾਸ਼ਟਰੀ ਮਿਆਰਾਂ ਦੇ ਬੁਨਿਆਦੀ ਤੱਤਾਂ ਨੂੰ ਬਰਕਰਾਰ ਰੱਖਣ ਦੇ ਨਾਲ-ਨਾਲ ਵਲੰਟੀਅਰ ਵਜੋਂ ਕੰਮ ਕਰਨ ਦੇ ਲਗਾਤਾਰ ਵਿਕਸਿਤ ਹੋ ਰਹੇ ਮਾਹੌਲ ਨੂੰ ਦਰਸਾਉਂਦੇ ਹਨ। ਤਾਜ਼ਾ ਮਿਆਰਾਂ ਦੇ ਵਿਕਾਸ ਨੂੰ 2023 ਵਿੱਚ ਹਰੇਕ ਰਾਜ ਅਤੇ ਟੈਰੀਟਰੀ ਵਿੱਚ ਆਯੋਜਿਤ ਕੀਤੀ ਗਈ ਸੈਕਟਰ ਵਿਆਪਕ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੁਆਰਾ ਅਤੇ 2022 ਵਿੱਚ ਆਯੋਜਿਤ 'ਵਲੰਟੀਅਰ ਵਜੋਂ ਕੰਮ ਕਰਨ ਲਈ ਰਾਸ਼ਟਰੀ ਰਣਨੀਤੀ' ਸੰਬੰਧੀ ਕੀਤੇ ਸਲਾਹ-ਮਸ਼ਵਰਿਆਂ ਦੁਆਰਾ ਪ੍ਰਾਪਤ ਜਾਣਕਾਰੀ ਦੁਆਰਾ ਸੂਚਿਤ ਕੀਤਾ ਗਿਆ ਸੀ।

ਇਹ ਰਾਸ਼ਟਰੀ ਮਿਆਰ ਪ੍ਰਭਾਵਸ਼ਾਲੀ ਵਲੰਟੀਅਰ ਸ਼ਮੂਲੀਅਤ ਲਈ ਅੱਠ ਮੁੱਖ ਖੇਤਰਾਂ ਨੂੰ ਉਜਾਗਰ ਕਰਦੇ ਹਨ। ਉਹ ਤਿਆਰ ਕੀਤੇ ਗਏ ਹਨ:

- ਲਾਗੂ ਕਰਨ ਵਿੱਚ ਲਚਕੀਲਾਪਣ ਦੀ ਆਗਿਆ ਦੇਣ ਲਈ, ਇਹ ਮੰਨਦੇ ਹੋਏ ਕਿ ਵਲੰਟੀਅਰ ਕੰਮ ਬਹੁਤ ਹੀ ਵਿਭਿੰਨ ਹਾਲਾਤਾਂ ਅਤੇ ਤਰੀਕਿਆਂ ਵਿੱਚ ਹੁੰਦਾ ਹੈ, ਜਿਸ ਵਿੱਚ ਉਦਾਹਰਨ ਲਈ ਵਰਚੂਅਲ ਅਤੇ ਮਾਈਕ੍ਰੋ-ਵਲੰਟੀਅਰਿੰਗ (ਘੱਟ ਅਤੇ ਥੋੜ੍ਹੇ ਸਮੇਂ ਦੀ) ਵਿੱਚ ਵਾਧਾ ਹੋਣਾ ਸ਼ਾਮਲ ਹੈ।
- ਢਾਂਚਾਗਤ ਸੰਸਥਾਵਾਂ ਅਤੇ ਪ੍ਰੋਗਰਾਮਾਂ ਵਿੱਚ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਦਾ ਪ੍ਰਦਰਸ਼ਨ ਕਰਨ ਲਈ ਜਾਂ ਰੁਕਾਵਟਾਂ ਪੈਦਾ ਕੀਤੇ ਬਗ਼ੈਰ, ਲਚਕਤਾ ਅਤੇ ਰਚਨਾਤਮਕਤਾ ਨੂੰ ਘਟਾਏ ਬਗ਼ੈਰ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਦੀ ਇੱਛਾ ਰੱਖਣ ਵਾਲੇ ਵਧੇਰੇ ਸਾਂਝੀ ਅਗਵਾਈ ਵਾਲੇ ਜਾਂ ਗ਼ੈਰ-ਰਸਮੀ ਭਾਈਚਾਰਾ-ਆਧਾਰਿਤ ਸਮੂਹਾਂ ਲਈ ਇੱਕ ਗਾਈਡ ਵਜੋਂ।
- ਸਾਰੀਆਂ ਕਿਸਮਾਂ ਦੀਆਂ ਸੰਸਥਾਵਾਂ ਅਤੇ ਸਮੂਹਾਂ ਵਿੱਚ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦਾ ਸਮਰਥਨ ਕਰਨਾ।

# ਰਾਸ਼ਟਰੀ ਮਿਆਰਾਂ ਦੀ ਵਰਤੋਂ ਕਰਨਾ

ਇਹ ਰਾਸ਼ਟਰੀ ਮਿਆਰ ਸੰਸਥਾਵਾਂ ਅਤੇ ਸਮੂਹਾਂ ਨੂੰ ਵਿਸ਼ਾਲ ਕਿਸਮ ਦੇ ਵਲੰਟੀਅਰ ਕੰਮ ਕਰਨ ਦੇ ਹਾਲਤਾਂ ਵਿੱਚ ਸਰਲ, ਵਿਹਾਰਕ ਮਿਆਰਾਂ ਦੀ ਵਰਤੋਂ ਕਰਨ ਦੀ ਆਗਿਆ ਦਿੰਦੇ ਹਨ ਜੋ ਗਤੀਵਿਧੀ ਅਤੇ ਸਰੋਤਾਂ ਮੁਅਬਕ ਬਦਲੇ ਜਾ ਸਕਦੇ ਹੈ। ਇਹ ਮਿਆਰ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਦੀ ਇੱਛਾ ਰੱਖਣ ਵਾਲੀਆਂ ਸੰਸਥਾਵਾਂ ਲਈ ਤਿਆਰ ਕੀਤੇ ਗਏ ਹਨ ਅਤੇ ਵਲੰਟੀਅਰ ਰੁਝੇਵਿਆਂ ‘ਤੇ ਵਿਚਾਰ ਕਰਨ ਵਾਲੀ ਕਿਸੇ ਵੀ ਸੰਸਥਾ ਜਾਂ ਸਮੂਹ ਨੂੰ ਮਾਰਗਦਰਸ਼ਨ ਅਤੇ ਸੂਚਿਤ ਕਰਨ ਲਈ ਉੱਚ ਪੱਧਰ ‘ਤੇ ਲਾਗੂ ਕੀਤੇ ਜਾ ਸਕਦੇ ਹਨ।

ਇੱਥੇ ਅੱਠ ਮਿਆਰ ਹਨ:

**1:** **ਵਲੰਟੀਅਰ ਕਰਨਾ ਲੀਡਰਸ਼ਿਪ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ**

**2:** **ਵਲੰਟੀਅਰ ਵਜੋਂ ਕੰਮ ਕਰਨ ਦਾ ਪੁਰਜ਼ੋਰ ਸਮਰਥਨ ਕਰਨਾ ਅਤੇ ਉਦਾਹਰਨ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ**

**3:** **ਵਲੰਟੀਅਰ ਭੂਮਿਕਾਵਾਂ ਅਰਥਪੂਰਨ ਅਤੇ ਲੋੜ ਮੁਤਾਬਕ ਢਾਲੀ ਗਈ ਹੁੰਦੀ ਹੈ**

**4:** **ਭਰਤੀ ਬਰਾਬਰਤਾ ਵਾਲੀ ਹੁੰਦੀ ਹੈ ਅਤੇ ਵੰਨ-ਸੁਵੰਨਤਾ ਦੀ ਕਦਰ ਕੀਤੀ ਜਾਂਦੀ ਹੈ**

**5:** **ਵਲੰਟੀਅਰਾਂ ਦਾ ਸਮਰਥਨ ਅਤੇ ਵਿਕਾਸ ਕੀਤਾ ਜਾਂਦਾ ਹੈ**

**6:** **ਵਲੰਟੀਅਰਾਂ ਦੀ ਸੁਰੱਖਿਆ ਅਤੇ ਭਲਾਈ ਸੁਰੱਖਿਅਤ ਹੁੰਦੀ ਹੈ**

**7:** **ਵਲੰਟੀਅਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ**

**8:** **ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਲਗਾਤਾਰ ਸੁਧਾਰ ਕੀਤਾ ਜਾ ਰਿਹਾ ਹੈ**

ਹਰੇਕ ਮਿਆਰ ਦੇ ਨਾਲ ਖ਼ਾਸ ਮਾਪਦੰਡ ਅਤੇ ਸਬੂਤਾਂ ਦੀਆਂ ਉਦਾਹਰਨਾਂ ਹਨ ਜੋ ਦਰਸਾਉਂਦੀਆਂ ਹਨ ਕਿ ਮਿਆਰ ਪੂਰਾ ਕੀਤਾ ਗਿਆ ਹੈ ਜਾਂ ਇਸਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ। ਇਹ ਮਾਪਦੰਡ ਰਾਸ਼ਟਰੀ ਮਿਆਰਾਂ ਦੇ ਮੂਲ ਭਾਗਾਂ ਨੂੰ ਦਰਸਾਉਂਦੇ ਹਨ, ਅਤੇ ਇਹ ਸਬੂਤ ਇੱਕ ਮਾਰਗਦਰਸ਼ਕ ਵਜੋਂ ਕੰਮ ਕਰਦੇ ਹਨ ਕਿ ਕੀ ਉਸ ਸੰਸਥਾ ਜਾਂ ਸਮੂਹ ਕੰਮ ਕਰਨ ਦੇ ਤਰੀਕੇ ਵਿੱਚ ਉਸ ਮਿਆਰ ਨੂੰ ਲਾਗੂ ਕਰ ਰਿਹਾ ਹੈ।

## ਰਾਸ਼ਟਰੀ ਮਿਆਰਾਂ ਦੀ ਵਰਤੋਂ ਕਰਨਾ

ਸੰਸਥਾਵਾਂ ਅਤੇ ਸਮੂਹ ਰਾਸ਼ਟਰੀ ਮਿਆਰਾਂ ਨੂੰ ਕਈ ਤਰੀਕਿਆਂ ਨਾਲ ਵਰਤ ਸਕਦੇ ਹਨ:


- ਕੰਮ ਕਰਨ ਦੇ ਤਰੀਕਿਆਂ ਨੂੰ ਬਿਹਤਰ ਬਣਾਉਣ ਲਈ ਇੱਕ ਆਮ ਗਾਈਡ ਵਜੋਂ।
- ਸੁਧਾਰ ਕਰਨ ਦੇ ਮੌਕਿਆਂ ਦੀ ਪਛਾਣ ਕਰਨ ਵਿੱਚ ਮੱਦਦ ਲਈ ਦਿਸ਼ਾ-ਨਿਰਦੇਸ਼ਾਂ ਜਾਂ ਚੈੱਕਲਿਸਟ ਵਜੋਂ।
- ਨਵੇਂ ਵਲੰਟੀਅਰ ਪ੍ਰੋਗਰਾਮ ਦੀ ਯੋਜਨਾ ਬਣਾਉਣ ਅਤੇ ਸਥਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਇੱਕ ਢਾਂਚੇ ਵਜੋਂ।
- ਆਡਿਟ ਟੂਲ ਵਜੋਂ ਜੋ ਸੰਸਥਾ ਦੀ ਕਾਰਗੁਜ਼ਾਰੀ ਦੀ ਇੱਕ ਝਲਕ ਪੇਸ਼ ਕਰਦਾ ਹੈ।
- ਆਧਾਰ-ਰੇਖਾ ਵਜੋਂ ਜਿਸ ਤੋਂ ਸੁਧਾਰ ਕਰਨ ਵਿੱਚ ਪ੍ਰਗਤੀ ਦੀ ਨਿਗਰਾਨੀ ਅਤੇ ਮਾਪ ਕੀਤਾ ਜਾ ਸਕਦਾ ਹੈ।

ਇਹਨਾਂ ਮਿਆਰਾਂ ਦਾ ਉਦੇਸ਼ ਵੱਖ-ਵੱਖ ਆਕਾਰ ਦੀ ਸੰਸਥਾਵਾਂ ਅਤੇ ਸਮੂਹਾਂ ਵਿੱਚ ਲਾਗੂ ਕੀਤੇ ਜਾਣਾ ਹੋਣ ਲਈ ਕਾਫ਼ੀ ਲਚਕਦਾਰ ਹੋਣਾ ਹੈ, ਵੱਖ-ਵੱਖ ਪੱਧਰਾਂ ਦੇ ਸਰੋਤਾਂ ਦੇ ਨਾਲ, ਸ਼ਹਿਰੀ ਅਤੇ ਪੇਂਡੂ ਹਾਲਾਤਾਂ ਵਿੱਚ, ਕਰਮਚਾਰੀਆਂ ਦੁਆਰਾ ਜਾਂ ਵਲੰਟੀਅਰਾਂ ਦੁਆਰਾ ਅਗਵਾਈ ਕੀਤੀ ਜਾਂਦੀ ਹੈ। ਉਦਾਹਰਨ ਲਈ, ਆਪਣੀਆਂ ਸਰਗਰਮੀਆਂ ਨੂੰ ਸੰਗਠਿਤ ਕਰਨ ਲਈ ਇਕੱਠੇ ਆਉਣ ਵਾਲੇ ਵਲੰਟੀਅਰਾਂ ਦੁਆਰਾ ਅਗਵਾਈ ਕੀਤੀਆਂ ਜਾਣ ਵਾਲੀਆਂ ਸੰਸਥਾਵਾਂ ਜਾਂ ਵਲੰਟੀਅਰਾਂ ਦੇ ਸਮੂਹਾਂ ਨੂੰ ਰਾਸ਼ਟਰੀ ਮਿਆਰਾਂ ਉਹਨਾਂ ਦੇ ਕੰਮ ਦੀ ਅਗਵਾਈ ਕਰਨ, ਵਲੰਟੀਅਰ ਪ੍ਰੋਗਰਾਮ ਸਥਾਪਤ ਕਰਨ ਵੇਲੇ ਸਲਾਹ ਲੈਣ ਲਈ, ਜਾਂ ਜੇਕਰ ਲੋੜ ਹੋਵੇ ਤਾਂ ਵਧੇਰੇ ਰਸਮੀ ਸੰਸਥਾਤਮਕ ਢਾਂਚੇ ਵੱਲ ਕੰਮ ਕਰਨ ਲਈ ਲਾਭਦਾਇਕ ਲੱਗ ਸਕਦੇ ਹਨ। ਹਾਲਾਂਕਿ, ਹਰੇਕ ਮਿਆਰ ਨੂੰ ਬੁਨਿਆਦੀ ਸਮਰਥਨ ਦੇਣ ਵਾਲੇ ਮਾਪਦੰਡ ਅਤੇ ਸੁਝਾਏ ਗਏ ਸਬੂਤ ਵਿੱਦਿਅਕ ਉਦੇਸ਼ਾਂ ਲਈ ਹਨ ਅਤੇ ਹੋ ਸਕਦਾ ਹੈ ਕਿ ਇਹ ਸਾਰੀਆਂ ਕਿਸਮਾਂ ਦੀਆਂ ਸੰਸਥਾਵਾਂ 'ਤੇ ਲਾਗੂ ਨਾ ਹੁੰਦੇ ਹੋਣ।

ਰਾਸ਼ਟਰੀ ਮਿਆਰਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਮਾਰਗਦਰਸ਼ਨ, ਔਜ਼ਾਰ ਅਤੇ ਟੂਲ **ਵਲੰਟੀਅਰਿੰਗ ਆਸਟ੍ਰੇਲੀਆ ਦੀ ਵੈੱਬਸਾਈਟ** 'ਤੇ ਉਪਲਬਧ ਹਨ।

# ਵਲੰਟੀਅਰਾਂ ਦੀ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ

ਵਲੰਟੀਅਰਾਂ ਦੀ ਸ਼ਮੂਲੀਅਤ ਲਈ ਅੱਠ ਰਾਸ਼ਟਰੀ ਮਿਆਰ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਸੰਮਲਿਤ ਵਲੰਟੀਅਰਿੰਗ ਦਾ ਸਮਰਥਨ ਕਰਨ ਲਈ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਦਾ ਢਾਂਚਾ ਹਨ।



# ਰਾਸ਼ਟਰੀ ਮਿਆਰਾਂ ਬਾਰੇ ਸੰਖੇਪ ਜਾਣਕਾਰੀ

## ਮਿਆਰ 1: ਵਲੰਟੀਅਰ ਕਰਨਾ ਲੀਡਰਸ਼ਿਪ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ

**ਗਵਰਨਿੰਗ ਬਾਡੀ ਅਤੇ ਸੰਸਥਾ ਦੇ ਆਗੂ ਵਲੰਟੀਅਰਾਂ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਵਲੰਟੀਅਰ ਵਜੋਂ ਭਾਗੀਦਾਰੀ ਦਾ ਸਮਰਥਨ ਕਰਨ ਲਈ ਪ੍ਰਭਾਵਸ਼ਾਲੀ ਪ੍ਰਣਾਲੀਆਂ ਨੂੰ ਲਾਗੂ ਕਰਦੇ ਹਨ।**

1.1 ਵਲੰਟੀਅਰ ਭਾਗੀਦਾਰੀ ਨੂੰ ਸ਼ਾਮਲ ਕਰਨ, ਅਗਵਾਈ ਕਰਨ ਅਤੇ ਪ੍ਰਬੰਧਨ ਲਈ ਜ਼ਿੰਮੇਵਾਰੀਆਂ ਪਰਿਭਾਸ਼ਿਤ ਅਤੇ ਸਮਰਥਨ ਕੀਤੀਆਂ ਜਾਂਦੀਆਂ ਹਨ।

1.2 ਸ਼ਾਸਨ ਅਤੇ ਜ਼ੋਖਮ ਪ੍ਰਬੰਧਨ ਪ੍ਰਬੰਧ ਸੁਰੱਖਿਅਤ ਅਤੇ ਅਰਥਪੂਰਨ ਵਲੰਟੀਅਰ ਭਾਗੀਦਾਰੀ ਨੂੰ ਅਗਾਂਹ ਵਧਣ ਵਿਚ ਸਹਾਇਤਾ ਦਿੰਦੇ ਹਨ।

1.3 ਵਲੰਟੀਅਰਾਂ 'ਤੇ ਲਾਗੂ ਹੋਣ ਵਾਲੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਲੰਟੀਅਰਾਂ ਨਾਲ ਮਿਲਕੇ ਬਣਾਈਆਂ ਜਾਂਦੀਆਂ ਹਨ ਅਤੇ ਸਾਰੀ ਸੰਸਥਾ ਵਿੱਚ ਦੱਸੀਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ।

1.4 ਵਲੰਟੀਅਰਾਂ ਦੇ ਰਿਕਾਰਡ ਰੱਖੇ ਜਾਂਦੇ ਹਨ, ਅਤੇ ਵਲੰਟੀਅਰ ਅਤੇ ਕਰਮਚਾਰੀ ਜਾਣਕਾਰੀ ਸਾਂਝੀ ਕਰਨ, ਰਿਕਾਰਡ ਰੱਖਣ ਅਤੇ ਗੁਪਤਤਾ ਸੰਬੰਧੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।

1.5 ਸਹਿਯੋਗੀ ਵਲੰਟੀਅਰ ਗਤੀਵਿਧੀਆਂ ਵਿੱਚ ਸਹਿਭਾਗੀ ਏਜੰਸੀਆਂ ਨਾਲ ਸੰਬੰਧਾਂ ਦਾ ਪ੍ਰਬੰਧਨ ਕਰਨ ਲਈ ਪ੍ਰਕਿਰਿਆਵਾਂ ਮੌਜੂਦ ਹਨ। (ਇਹ ਮਿਆਰ ਸਿਰਫ਼ ਉਹਨਾਂ ਸੰਸਥਾਵਾਂ ਜਾਂ ਸਮੂਹਾਂ 'ਤੇ ਲਾਗੂ ਹੁੰਦਾ ਹੈ ਜੋ ਵਲੰਟੀਅਰਾਂ ਅਤੇ/ਜਾਂ ਵਲੰਟੀਅਰਾਂ ਲਈ ਜ਼ਿੰਮੇਵਾਰੀ ਸਾਂਝੀ ਕਰਨ ਵਾਲੀ ਕਿਸੇ ਸਹਿਯੋਗ ਵਾਲੀ ਗਤੀਵਿਧੀ ਵਿੱਚ ਹੋਰ ਸੰਸਥਾਵਾਂ ਨਾਲ ਕੰਮ ਕਰਦੇ ਹਨ)।

# ਮਿਆਰ 2: ਵਲੰਟੀਅਰ ਵਜੋਂ ਕੰਮ ਕਰਨ ਦਾ ਪੁਰਜ਼ੋਰ ਸਮਰਥਨ ਕਰਨਾ ਅਤੇ ਉਦਾਹਰਨ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ

**ਵਲੰਟੀਅਰ ਭਾਗੀਦਾਰੀ ਲਈ ਵਚਨਬੱਧਤਾ ਸੁਪਨੇ, ਯੋਜਨਾਬੰਦੀ ਅਤੇ ਸਰੋਤ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਅਤੇ ਸੰਸਥਾ ਜਾਂ ਸਮੂਹ ਦੀ ਰਣਨੀਤਕ ਦਿਸ਼ਾ ਦਾ ਸਮਰਥਨ ਕਰਦੀ ਹੈ।**

2.1 ਸੰਸਥਾ ਜਨਤਕ ਤੌਰ 'ਤੇ ਵਲੰਟੀਅਰ ਭਾਗੀਦਾਰੀ ਲਈ ਆਪਣੀ ਵਚਨਬੱਧਤਾ ਦਾ ਐਲਾਨ ਕਰਦੀ ਹੈ।

2.2 ਵਲੰਟੀਅਰ ਵਜੋਂ ਕੰਮ ਕਰਨ ਦੇ ਸੱਭਿਆਚਾਰ ਨੂੰ ਸੰਸਥਾ ਦੇ ਸਾਰੇ ਪੱਧਰਾਂ 'ਤੇ ਪੁਰਜ਼ੋਰ ਸਮਰਥਨ ਕਰਨਾ ਅਤੇ ਉਦਾਹਰਨ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ।

2.3 ਵਲੰਟੀਅਰ ਭਾਗੀਦਾਰੀ ਸੰਸਥਾ ਦੇ ਸੁਪਨੇ, ਮਕਸਦ, ਟੀਚਿਆਂ ਅਤੇ ਉਦੇਸ਼ਾਂ ਦਾ ਹਿੱਸਾ ਹੈ ਅਤੇ ਵਲੰਟੀਅਰਾਂ ਨਾਲ ਸ਼ਮੂਲੀਅਤ ਕਰਨ ਦੁਆਰਾ ਵਿਕਸਤ ਕੀਤੀ ਜਾਂਦੀ ਹੈ।

2.4 ਵਲੰਟੀਅਰਿੰਗ ਪ੍ਰੋਗਰਾਮਾਂ ਨੂੰ ਲੋੜੀਂਦੇ ਸਰੋਤਾਂ ਵਾਲੇ ਵਲੰਟੀਅਰ ਪ੍ਰਬੰਧਕਾਂ ਜਾਂ ਅਧਿਕਾਰੀਆਂ ਦੁਆਰਾ ਸਮਰਥਤ ਕੀਤਾ ਜਾਂਦਾ ਹੈ।

2.5 ਵਲੰਟੀਅਰਾਂ ਦੀ ਸ਼ਮੂਲੀਅਤ ਲਈ ਸਰੋਤ (ਸਮਾਂ, ਫ਼ੰਡ, ਉਪਕਰਨ ਅਤੇ ਤਕਨਾਲੋਜੀ ਸਮੇਤ) ਨਿਰਧਾਰਤ ਕੀਤੇ ਜਾਂਦੇ ਹਨ।

# ਮਿਆਰ 3: ਵਲੰਟੀਅਰ ਭੂਮਿਕਾਵਾਂ ਅਰਥਪੂਰਨ ਅਤੇ ਲੋੜ ਮੁਤਾਬਕ ਢਾਲੀ ਗਈ ਹੁੰਦੀ ਹੈ

**ਵਲੰਟੀਅਰ ਅਰਥਪੂਰਨ ਭੂਮਿਕਾਵਾਂ ਵਿੱਚ ਭਾਗੀਦਾਰੀ ਕਰਦੇ ਹਨ ਜੋ ਸੰਸਥਾ ਜਾਂ ਸਮੂਹ ਦੇ ਉਦੇਸ਼ ਵਿੱਚ ਯੋਗਦਾਨ ਪਾਉਂਦੀਆਂ ਹਨ ਅਤੇ ਵਲੰਟੀਅਰਾਂ ਦੀਆਂ ਰੁਚੀਆਂ ਅਤੇ ਭਾਗੀਦਾਰੀ ਕਰਨ ਦੇ ਤਰਜੀਹੀ ਤਰੀਕੇ ਨੂੰ ਪੂਰਾ ਕਰਦੀਆਂ ਹਨ।**

3.1 ਵਲੰਟੀਅਰਾਂ ਦੀਆਂ ਲੋੜਾਂ ਅਤੇ ਰੁਚੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਵਲੰਟੀਅਰ ਭੂਮਿਕਾਵਾਂ ਨੂੰ ਵਲੰਟੀਅਰਾਂ ਨਾਲ ਮਿਲਕੇ ਡਿਜ਼ਾਈਨ ਅਤੇ ਗੱਲਬਾਤ ਰਾਹੀਂ ਤੈਅ ਕੀਤਾ ਜਾਂਦਾ ਹੈ।

3.2 ਵਲੰਟੀਅਰਾਂ ਦੀਆਂ ਭੂਮਿਕਾਵਾਂ ਸੰਸਥਾ ਦੇ ਮਕਸਦਾਂ, ਟੀਚਿਆਂ ਅਤੇ ਉਦੇਸ਼ਾਂ ਵਿੱਚ ਯੋਗਦਾਨ ਪਾਉਂਦੀਆਂ ਹਨ।

3.3 ਵਲੰਟੀਅਰਾਂ ਦੀਆਂ ਭੂਮਿਕਾਵਾਂ ਨੂੰ ਪਰਿਭਾਸ਼ਿਤ ਕੀਤਾ ਜਾਂਦਾ, ਦਸਤਾਵੇਜ਼ ਕੀਤਾ ਜਾਂਦਾ ਅਤੇ ਸੰਚਾਰਿਤ ਕੀਤਾ ਜਾਂਦਾ ਹੈ।

3.4 ਵਲੰਟੀਅਰ ਭੂਮਿਕਾਵਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਜਿਸ ਵਿੱਚ ਫੀਡਬੈਕ ਅਤੇ ਵਲੰਟੀਅਰਾਂ ਨਾਲ ਉਹਨਾਂ ਦੇ ਅਨੁਭਵ ਬਾਰੇ ਸ਼ਮੂਲੀਅਤ ਸ਼ਾਮਲ ਹੁੰਦੀ ਹੈ।

# ਮਿਆਰ 4: ਭਰਤੀ ਬਰਾਬਰਤਾ ਵਾਲੀ ਹੁੰਦੀ ਹੈ ਅਤੇ ਵੰਨ-ਸੁਵੰਨਤਾ ਦੀ ਕਦਰ ਕੀਤੀ ਜਾਂਦੀ ਹੈ

**ਵਲੰਟੀਅਰਾਂ ਦੀ ਭਰਤੀ ਅਤੇ ਚੋਣ ਰਣਨੀਤੀਆਂ ਸੰਸਥਾ ਅਤੇ ਵਲੰਟੀਅਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ; ਉਹ ਵੰਨ-ਸੁਵੰਨਤਾ ਦੀ ਅਗਾਂਹ ਵਧਣ ਵਿਚ ਸਹਾਇਤਾ ਅਤੇ ਕਦਰ ਕਰਦੇ ਹਨ ਅਤੇ ਬਰਾਬਰਤਾ ਅਤੇ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਦੇ ਹਨ।**

4.1 ਸੰਸਥਾਵਾਂ ਅਤੇ ਸਮੂਹ ਸੰਬੰਧਿਤ ਰੁਚੀਆਂ, ਗਿਆਨ ਅਤੇ ਹੁਨਰ ਵਾਲੇ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਯੋਜਨਾਬੱਧ ਅਤੇ ਨਵੀਨਤਾਕਾਰੀ ਪਹੁੰਚਾਂ ਦੀ ਵਰਤੋਂ ਕਰਦੇ ਹੋਏ ਵਲੰਟੀਅਰਾਂ ਨੂੰ ਸ਼ਾਮਲ ਕਰਦੇ ਹਨ।

4.2 ਸੰਭਾਵੀ ਵਲੰਟੀਅਰਾਂ ਨੂੰ ਸੰਸਥਾ ਬਾਰੇ, ਵਲੰਟੀਅਰ ਇਸਦੇ ਉਦੇਸ਼ ਅਤੇ ਸੁਪਨੇ ਬਾਰੇ, ਉਪਲਬਧ ਮੌਕੇ ਅਤੇ ਚੋਣ ਪ੍ਰਕਿਰਿਆ ਵਿੱਚ ਕਿਵੇਂ ਯੋਗਦਾਨ ਪਾਉਂਦੇ ਹਨ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

4.3 ਵਲੰਟੀਅਰਾਂ ਦੀ ਚੋਣ ਉਹਨਾਂ ਦੀਆਂ ਰੁਚੀਆਂ, ਗਿਆਨ, ਹੁਨਰ ਅਤੇ ਭੂਮਿਕਾ ਲਈ ਅਨੁਕੂਲਤਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ, ਅਤੇ ਭੇਦਭਾਵ ਵਿਰੋਧੀ ਕਾਨੂੰਨ ਦੇ ਅਨੁਸਾਰ ਹੁੰਦੀ ਹੈ।

4.4 ਵੰਨ-ਸੁਵੰਨਤਾ, ਸ਼ਮੂਲੀਅਤ ਅਤੇ ਪਹੁੰਚਯੋਗਤਾ ਦੇ ਸਿਧਾਂਤ ਭਰਤੀ ਕਰਨ ਦੀਆਂ ਗਤੀਵਿਧੀਆਂ ਵਿੱਚ ਬਣਾਏ ਗਏ ਹਨ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਪ੍ਰਤੀ ਜਾਗਰੂਕਤਾ ਨੂੰ ਦਰਸਾਉਂਦੇ ਅਤੇ ਉਤਸ਼ਾਹਿਤ ਕਰਦੇ ਹਨ, ਅਤੇ ਇਸਦਾ ਆਦਰ ਕਰਦੇ ਹਨ ਅਤੇ ਜੋ ਅੰਦਰੂਨੀ ਮੁੱਲ ਇਹ ਸੰਸਥਾ ਲਈ ਲਿਆਉਂਦੇ ਹਨ।

4.5 ਸਕ੍ਰੀਨਿੰਗ ਪ੍ਰਕਿਰਿਆਵਾਂ ਕਾਨੂੰਨੀ ਲੋੜਾਂ ਅਤੇ ਨਿਯਮਾਂ ਦੇ ਅਨੁਸਾਰ ਸੇਵਾ ਪ੍ਰਾਪਤਕਰਤਾਵਾਂ, ਕਰਮਚਾਰੀਆਂ, ਵਲੰਟੀਅਰਾਂ ਅਤੇ ਸੰਸਥਾ ਦੀ ਸੁਰੱਖਿਆ ਅਤੇ ਸਿਕਿਯੁਰਿਟੀ ਨੂੰ ਬਰਕਰਾਰ ਰੱਖਦੀਆਂ ਹਨ।

## ਮਿਆਰ 5: ਵਲੰਟੀਅਰਾਂ ਦਾ ਸਮਰਥਨ ਅਤੇ ਵਿਕਾਸ ਕੀਤਾ ਜਾਂਦਾ ਹੈ

**ਵਲੰਟੀਅਰ ਆਪਣੀਆਂ ਭੂਮਿਕਾਵਾਂ ਨੂੰ ਸਮਝਦੇ ਹਨ ਅਤੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਗ ਲੈਣ ਲਈ ਲੋੜੀਂਦੇ ਗਿਆਨ, ਹੁਨਰ ਅਤੇ ਫੀਡਬੈਕ ਪ੍ਰਾਪਤ ਕਰਦੇ ਹਨ।**

5.1 ਵਲੰਟੀਅਰਾਂ ਨੂੰ ਢੁੱਕਵੀਂ ਇੰਡਕਸ਼ਨ ਅਤੇ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ।

5.2 ਸਹਾਇਤਾ ਅਤੇ ਵਿਕਾਸ ਲੋੜਾਂ ਦੀ ਪਛਾਣ ਕਰਨ ਲਈ ਵਲੰਟੀਅਰਾਂ ਦੇ ਗਿਆਨ ਅਤੇ ਹੁਨਰਾਂ ਦੀ ਸਮੀਖਿਆ ਕੀਤੀ ਜਾਂਦੀ ਹੈ।

5.3 ਵਲੰਟੀਅਰ ਆਪਣੇ ਸਮੇਂ ਦੌਰਾਨ ਕਿਸੇ ਸੰਸਥਾ ਜਾਂ ਸਮੂਹ ਨਾਲ ਜੁੜੇ ਰਹਿੰਦੇ ਹਨ ਅਤੇ ਉਹਨਾਂ ਨੂੰ ਨਿਗਰਾਨੀ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਜੋ ਉਹਨਾਂ ਨੂੰ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਂਦੀ ਹੈ।

5.4 ਵਲੰਟੀਅਰਾਂ ਦੀ ਜ਼ਿੰਮੇਵਾਰੀ ਵਾਲੇ ਲੋਕਾਂ ਕੋਲ ਉਚਿਤ ਅਤੇ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਅਤੇ ਉਹਨਾਂ ਨਾਲ ਜੁੜਨ ਲਈ ਕਾਫ਼ੀ ਸਮਾਂ ਅਤੇ ਸਰੋਤ ਹੁੰਦੇ ਹਨ।

5.5 ਵਲੰਟੀਅਰ ਦੀ ਭੂਮਿਕਾ ਵਿੱਚ ਤਬਦੀਲੀਆਂ ਨਿਰਪੱਖ ਅਤੇ ਇਕਸਾਰ ਹੁੰਦੀਆਂ ਹਨ ਅਤੇ ਵਲੰਟੀਅਰ ਨਾਲ ਮਿਲਕੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ।

## ਮਿਆਰ 6: ਵਲੰਟੀਅਰਾਂ ਦੀ ਸੁਰੱਖਿਆ ਅਤੇ ਭਲਾਈ ਸੁਰੱਖਿਅਤ ਹੁੰਦੀ ਹੈ

**ਵਲੰਟੀਅਰਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ ਅਤੇ ਵਲੰਟੀਅਰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।**

6.1 ਕਰਮਚਾਰੀਆਂ ਦੇ ਨਾਲ, ਅਤੇ ਵਲੰਟੀਅਰਾਂ ਵਿਚਕਾਰ ਪ੍ਰਭਾਵਸ਼ਾਲੀ ਕੰਮਕਾਜੀ ਸੰਬੰਧਾਂ ਦੇ ਅਗਾਂਹ ਵਧਣ ਵਿੱਚ ਸਹਾਇਤਾ ਦਿੱਤੀ ਜਾਂਦੀ ਹੈ।

6.2 ਸੰਸਥਾ ਅਤੇ ਸਮੂਹ ਵਲੰਟੀਅਰਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਆਪਣੀਆਂ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਨ।

6.3 ਵਲੰਟੀਅਰਾਂ ਵਜੋਂ ਉਹਨਾਂ ਦੀ ਸਮਰੱਥਾ ਮੁਤਾਬਕ ਵਲੰਟੀਅਰਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਦੀ ਸੁਰੱਖਿਆ ਕਰਨ ਲਈ ਪ੍ਰਕਿਰਿਆਵਾਂ ਲਾਗੂ ਹਨ, ਜਿਸ ਵਿੱਚ ਢੁੱਕਵੇਂ ਬੀਮੇ ਹੋਣਾ ਵੀ ਸ਼ਾਮਲ ਹਨ।

6.4 ਵਲੰਟੀਅਰ ਸ਼ਿਕਾਇਤਾਂ ਦੀ ਪ੍ਰਕਿਰਿਆ ਨੂੰ ਸਮਝਦੇ ਹਨ ਅਤੇ ਉਹਨਾਂ ਤੱਕ ਪਹੁੰਚ ਰੱਖਦੇ ਹਨ।

6.5 ਕਾਰਨਾਂ ਦੀ ਪਛਾਣ ਕਰਨ ਅਤੇ ਲਗਾਤਾਰ ਸੁਧਾਰ ਨੂੰ ਜਾਣਕਾਰੀ ਭਰਪੂਰ ਕਰਨ ਲਈ ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

# ਮਿਆਰ 7: ਵਲੰਟੀਅਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ

**ਵਲੰਟੀਅਰ ਯੋਗਦਾਨ, ਕਦਰਾਂ-ਕੀਮਤਾਂ ਅਤੇ ਪ੍ਰਭਾਵ ਨੂੰ ਸਮਝਿਆ, ਉਤਸ਼ਾਹਿਤ ਅਤੇ ਸਵੀਕਾਰ ਕੀਤਾ ਜਾਂਦਾ ਹੈ।**

7.1 ਵਲੰਟੀਅਰ ਉਸ ਸੰਸਥਾ, ਸੇਵਾ ਪ੍ਰਾਪਤਕਰਤਾਵਾਂ ਅਤੇ ਕਮਿਊਨਿਟੀ ਨੂੰ ਕਿਵੇਂ ਮਹੱਤਵ ਦਿੰਦੇ ਹਨ, ਇਹ ਸਪੱਸ਼ਟ ਤੌਰ ‘ਤੇ ਸਮਝਿਆ ਜਾਂਦਾ ਹੈ।

7.2 ਵਲੰਟੀਅਰ ਕੋਸ਼ਿਸ਼ਾਂ ਨੂੰ ਸੰਸਥਾ ਦੀ ਰਿਪੋਰਟਿੰਗ ਵਿੱਚ ਮਾਪਿਆ ਅਤੇ ਸਵੀਕਾਰ ਕੀਤਾ ਜਾਂਦਾ ਹੈ ਅਤੇ ਪ੍ਰਭਾਵ ਨੂੰ ਪ੍ਰਦਰਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

7.3 ਸੰਸਥਾ ਨਿਯਮਿਤ ਤੌਰ ‘ਤੇ ਵਲੰਟੀਅਰਾਂ ਨਾਲ ਉਨ੍ਹਾਂ ਦੇ ਯੋਗਦਾਨ ਦੇ ਪ੍ਰਭਾਵ ਬਾਰੇ ਗੱਲ ਕਰਦੀ ਹੈ।

7.4 ਵਲੰਟੀਅਰ ਦੀ ਮਾਨਤਾ ਉਸ ਵਲੰਟੀਅਰ ਲਈ ਢੁੱਕਵੀਂ ਹੈ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਸੁਪਨਿਆਂ ਦਾ ਸਤਿਕਾਰ ਕਰਦੀ ਹੈ।

# ਮਿਆਰ 8: ਵਲੰਟੀਅਰ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਲਗਾਤਾਰ ਸੁਧਾਰ ਕੀਤਾ ਜਾਂਦਾ ਹੈ

**ਪ੍ਰਭਾਵਸ਼ਾਲੀ ਵਲੰਟੀਅਰ ਸ਼ਮੂਲੀਅਤ ਕੰਮ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ, ਨਿਯਮਤ ਸਮੀਖਿਆ ਅਤੇ ਨਿਰੰਤਰ ਸੁਧਾਰ ਦੀ ਇੱਕ ਪ੍ਰਣਾਲੀ ਦੇ ਨਤੀਜੇ ਵਜੋਂ ਹੁੰਦੀ ਹੈ।**

8.1 ਵਲੰਟੀਅਰਾਂ ਦੀ ਸ਼ਮੂਲੀਅਤ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੇਧ ਦੇਣ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਤਿਆਰ ਕੀਤੀਆਂ ਅਤੇ ਲਾਗੂ ਕੀਤੀਆਂ ਗਈਆਂ ਹਨ।

8.2 ਸੰਸਥਾ ਦੇ ਮੁਲਾਂਕਣ ਅਤੇ ਗੁਣਵੱਤਾ ਪ੍ਰਬੰਧਨ ਫਰੇਮਵਰਕ ਦੇ ਅਨੁਸਾਰ ਵਲੰਟੀਅਰਾਂ ਦੀ ਸ਼ਮੂਲੀਅਤ ਦੀ ਨਿਯਮਤ ਤੌਰ ‘ਤੇ ਸਮੀਖਿਆ ਕੀਤੀ ਜਾਂਦੀ ਹੈ।

8.3 ਵਲੰਟੀਅਰਾਂ ਦੀ ਸ਼ਮੂਲੀਅਤ ਨਾਲ ਸੰਸਥਾ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਪ੍ਰਬੰਧਕ ਸਭਾ, ਕਰਮਚਾਰੀਆਂ, ਵਲੰਟੀਅਰਾਂ ਅਤੇ ਹੋਰ ਹਿੱਸੇਦਾਰਾਂ ਨੂੰ ਰਿਪੋਰਟ ਕੀਤੀ ਜਾਂਦੀ ਹੈ।

8.4 ਵਲੰਟੀਅਰਾਂ ਲਈ ਆਪਣੇ ਤਜ਼ਰਬੇ ਅਤੇ ਸੰਸਥਾ ਦੇ ਕੰਮ ਦੇ ਸੰਬੰਧਿਤ ਖੇਤਰਾਂ ਬਾਰੇ ਫੀਡਬੈਕ ਪ੍ਰਦਾਨ ਕਰਨ ਦੇ ਮੌਕੇ ਉਪਲਬਧ ਹਨ।

# ਸ਼ਬਦਾਵਲੀ

**ਗਤੀਵਿਧੀ-ਅਧਾਰਿਤ ਵਲੰਟੀਅਰਿੰਗ:** ਗਤੀਵਿਧੀ-ਅਧਾਰਿਤ ਕੰਮ ਜਾਂ ਭੂਮਿਕਾ ਨੂੰ ਪੂਰਾ ਕਰਨ ਲਈ ਵਲੰਟੀਅਰ ਕਰਨਾ। ਉਦਾਹਰਨ ਲਈ, ਰੁੱਖ ਲਗਾਉਣਾ ਜਾਂ ਦਾਨ ਦੀ ਛਾਂਟੀ ਕਰਨਾ।

**ਆਡਿਟ:** ਮਾਪਦੰਡਾਂ, ਖ਼ਾਸ ਪ੍ਰਕਿਰਿਆਵਾਂ ਜਾਂ ਮਿਆਰਾਂ ਪ੍ਰਤੀ ਕਾਰਗੁਜ਼ਾਰੀ ਨੂੰ ਨਿਰਧਾਰਤ ਕਰਨ ਲਈ ਕਿਸੇ ਸੰਸਥਾ ਦੇ ਡੇਟਾ ਅਤੇ ਪ੍ਰਕਿਰਿਆਵਾਂ ਦੀ ਜਾਂਚ ਕਰਨਾ।

**ਕਾਰਨ-ਅਧਾਰਿਤ ਵਲੰਟੀਅਰਿੰਗ:** ਕਈ ਵਾਰ ਕਈ ਸੰਸਥਾਵਾਂ ਵਿੱਚ ਕਿਸੇ ਖ਼ਾਸ ਕਾਰਨ ਜਾਂ ਮੁੱਦੇ ਦੁਆਰਾ ਪ੍ਰੇਰਿਤ ਵਲੰਟੀਅਰ ਕਰਨਾ, ਜਿਵੇਂ ਕਿ ਵਾਤਾਵਰਨ ਜਾਂ ਜਾਨਵਰਾਂ ਦੀ ਭਲਾਈ।

**ਪਾਲਣਾ/ਕਾਨੂੰਨ-ਪਾਲਣਾ:** ਲੋੜਾਂ ਨੂੰ ਪੂਰਾ ਕਰਨਾ ਜਾਂ ਸੰਤੁਸ਼ਟ ਕਰਨਾ, ਖ਼ਾਸ ਤੌਰ ‘ਤੇ ਸਰਕਾਰ ਅਤੇ ਉਦਯੋਗ ਦੇ ਕਾਨੂੰਨ, ਨਿਯਮ ਅਤੇ ਮਿਆਰਾਂ ਦੇ ਸੰਬੰਧ ਵਿੱਚ।

**ਲਗਾਤਾਰ ਸੁਧਾਰ:** ਸੇਵਾਵਾਂ, ਪ੍ਰਕਿਰਿਆਵਾਂ ਜਾਂ ਉਤਪਾਦਾਂ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਸਮੀਖਿਆ ਅਤੇ ਫੇਰ-ਬਦਲ ਕਰਨਾ। ਸੁਧਾਰ ਸਮੇਂ ਦੇ ਨਾਲ ਵੱਧਦੇ ਜਾ ਸਕਦੇ ਹਨ, ਜਾਂ ਕਾਫ਼ੀ ਜ਼ਿਆਦਾ ਇੱਕ ਵਾਰ ਦੀ ਤਰੱਕੀ ਹੋ ਸਕਦੀ ਹੈ।

**ਮਿਆਰ:** ਖ਼ਾਸ ਲੋੜਾਂ ਜਿਨ੍ਹਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।

**ਕਰਮਚਾਰੀ:** ਤਨਖ਼ਾਹਸੁਦਾ ਕਰਮਚਾਰੀ ਅਤੇ ਸਟਾਫ਼।

**ਮੁਲਾਂਕਣ:** ਇਸਦਾ ਮੁਲਾਂਕਣ ਕਰਨ ਦੀ ਰਸਮੀ ਪ੍ਰਕਿਰਿਆ ਕਿ ਕੋਈ ਗਤੀਵਿਧੀ, ਪ੍ਰੋਗਰਾਮ ਜਾਂ ਯੋਜਨਾ ਕਿੰਨੀ ਸਫ਼ਲ ਰਹੀ ਹੈ।

**ਸਬੂਤ:** ਦਸਤਾਵੇਜ਼, ਰਿਪੋਰਟਾਂ ਜਾਂ ਹੋਰ ਜਾਣਕਾਰੀ ਜੋ ਕਾਨੂੰਨ ਪਾਲਣਾ ਜਾਂ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ।

**ਸ਼ਾਸਨ:** ਫ਼ੈਸਲੇ ਲੈਣ ਅਤੇ ਨੀਤੀਆਂ ਅਤੇ ਯੋਜਨਾਵਾਂ ਸਥਾਪਤ ਕਰਨ ਲਈ ਇੱਕ ਕਾਰਪੋਰੇਟ ਗਵਰਨਿੰਗ ਬਾਡੀ ਦਾ ਕਾਨੂੰਨੀ ਅਧਿਕਾਰ।

**ਗਵਰਨਿੰਗ ਬਾਡੀ:** ਸੰਸਥਾ ਦੇ ਸ਼ਾਸਨ ਲਈ ਕਾਨੂੰਨੀ ਤੌਰ ‘ਤੇ ਜ਼ਿੰਮੇਵਾਰ ਲੋਕਾਂ ਦਾ ਸਮੂਹ (ਆਮ ਤੌਰ ‘ਤੇ ਡਾਇਰੈਕਟਰਾਂ ਦਾ ਬੋਰਡ ਜਾਂ ਪ੍ਰਬੰਧਨ ਕਮੇਟੀ ਦੇ ਮੈਂਬਰ)।

**ਮਾਈਕ੍ਰੋ-ਵਲੰਟੀਅਰਿੰਗ:** ਥੋੜ੍ਹੇ ਸਮੇਂ ਲਈ ਐਡ-ਹਾਕ ਤਰੀਕੇ ਨਾਲ ਵਲੰਟੀਅਰ ਕਰਨਾ। ਮਾਈਕ੍ਰੋ-ਵਲੰਟੀਅਰਿੰਗ ਔਨਲਾਈਨ ਜਾਂ ਔਫਲਾਈਨ ਹੋ ਸਕਦੀ ਹੈ, ਅਤੇ ਆਮ ਤੌਰ ‘ਤੇ ਵਲੰਟੀਅਰਾਂ ਵੱਲੋਂ ਨਿਰੰਤਰ ਜ਼ਿੰਮੇਵਾਰੀ ਦੀ ਲੋੜ ਨਹੀਂ ਹੁੰਦੀ ਹੈ।

**ਮਾਨੀਟਰ:** ਤਬਦੀਲੀ ਦੀ ਪਛਾਣ ਕਰਨ ਲਈ ਨਿਯਮਤ ਅਧਾਰ 'ਤੇ ਕਿਸੇ ਗਤੀਵਿਧੀ, ਕਾਰਵਾਈ ਜਾਂ ਪ੍ਰਣਾਲੀ ਦੀ ਪ੍ਰਗਤੀ ਦੀ ਜਾਂਚ, ਨਿਗਰਾਨੀ, ਗੰਭੀਰਤਾ ਨਾਲ ਨਿਰੀਖਣ ਜਾਂ ਰਿਕਾਰਡ ਕਰਨ ਲਈ।

**ਉਦੇਸ਼:** ਨਤੀਜੇ ਜਾਂ ਸਿੱਟੇ ਜੋ ਇੱਕ ਸੰਸਥਾ ਆਪਣੀਆਂ ਯੋਜਨਾਬੱਧ ਗਤੀਵਿਧੀਆਂ ਦੁਆਰਾ ਪ੍ਰਾਪਤ ਕਰਨਾ ਚਾਹੁੰਦੀ ਹੈ।

**ਸੰਸਥਾ ਦਾ ਸੱਭਿਆਚਾਰ:** ਇੱਕ ਸੰਸਥਾ ਵਿਚਲੇ ਆਮ ਵਿਸ਼ਵਾਸ ਅਤੇ ਰਵੱਈਏ।

**ਨੀਤੀ ਨੂੰ:** ਸੰਖੇਪ ਰਸਮੀ ਬਿਆਨ ਜੋ ਇਹ ਦੱਸਦੇ ਹਨ ਕਿ ਖ਼ਾਸ ਮਾਮਲਿਆਂ 'ਤੇ ਸੰਸਥਾ ਕਿਸ ਚੀਜ਼ ਦੀ ਪਾਲਣਾ ਕਰਦੀ ਹੈ ਅਤੇ ਕੀ ਪ੍ਰਾਪਤ ਕਰਨ ਦਾ ਉਦੇਸ਼ ਰੱਖਦੀ ਹੈ।

**ਵਿਧੀ:** ਇਸ ਬਾਰੇ ਵੇਰਵੇ ਅਤੇ ਕਦਮ ਕਿ ਕਿਸੇ ਸੰਸਥਾ ਦੀ ਨੀਤੀ ਨੂੰ ਕਿਵੇਂ ਲਾਗੂ ਕਰਨਾ ਅਤੇ ਪ੍ਰਾਪਤ ਕਰਨਾ ਹੈ।

**ਜ਼ੋਖਮ:** ਕੁੱਝ ਅਜਿਹਾ ਹੋਣ ਦੀ ਸੰਭਾਵਨਾ ਜਿਸਦਾ ਕਿਸੇ ਸੰਸਥਾ ਦੇ ਉਦੇਸ਼ਾਂ 'ਤੇ ਮਾੜਾ ਪ੍ਰਭਾਵ ਪਵੇ। ਜ਼ੋਖਮ ਨੂੰ ਸੰਭਾਵਨਾਵਾਂ ਅਤੇ ਨਤੀਜਿਆਂ ਦੇ ਰੂਪ ਵਿੱਚ ਮਾਪਿਆ ਜਾਂਦਾ ਹੈ।

**ਜ਼ੋਖਮ ਪ੍ਰਬੰਧਨ:** ਸੰਸਥਾ ਲਈ ਜ਼ੋਖਮ ਦੀ ਨਿਰੰਤਰ ਪਛਾਣ, ਵਿਸ਼ਲੇਸ਼ਣ, ਮੁਲਾਂਕਣ ਅਤੇ ਨਿਯੰਤਰਣ ਕਰਨਾ ਜਾਂ ਜ਼ੋਖਮ ਨੂੰ ਖ਼ਤਮ ਕਰਨਾ।

**ਹੁਨਰ-ਅਧਾਰਿਤ ਵਲੰਟੀਅਰਿੰਗ:** ਜਿੱਥੇ ਪੇਸ਼ੇਵਰ ਯੋਗਤਾਵਾਂ ਅਤੇ/ਜਾਂ ਅਨੁਭਵ ਵਾਲੇ ਵਿਅਕਤੀ ਜਾਂ ਸਮੂਹ ਆਪਣੇ ਹੁਨਰ ਅਤੇ ਮੁਹਾਰਤ ਨੂੰ ਵਲੰਟੀਅਰ ਕਰਦੇ ਹਨ। ਉਦਾਹਰਨ ਲਈ, ਵੈਬਸਾਈਟ ਬਣਾਉਣਾ ਜਾਂ ਬੁੱਕਕੀਪਿੰਗ ਸੇਵਾਵਾਂ ਪ੍ਰਦਾਨ ਕਰਨਾ।

**ਸਵੈ-ਪ੍ਰੇਰਿਤ ਵਲੰਟੀਅਰ ਕਰਨਾ:** ਕਿਸੇ ਸੰਸਥਾ ਜਾਂ ਸਮੂਹ ਨਾਲ ਰਸਮੀ ਸੰਬੰਧਾਂ ਤੋਂ ਬਿਨਾਂ ਲੋਕ ਜੋ ਵੱਖ-ਵੱਖ ਵਲੰਟੀਅਰ ਕਰਨ ਦੇ ਮੌਕਿਆਂ ਦੀ ਭਾਲ ਕਰਦੇ ਹਨ ਜਾਂ ਉਹਨਾਂ ਦੀ ਮੱਦਦ ਲਈ ਬੁਲਾਏ ਜਾਂਦੇ ਹਨ, ਅਕਸਰ ਆਫ਼ਤਾਂ ਲਈ ਕਮਿਊਨਿਟੀ ਪ੍ਰਤੀਕਿਰਿਆ ਦੇ ਸੰਬੰਧ ਵਿੱਚ। ਹੰਗਾਮੀ ਵਲੰਟੀਅਰ ਜਾਂ ਗ਼ੈਰ-ਸੰਬੰਧਿਤ ਵਲੰਟੀਅਰਾਂ ਵਜੋਂ ਵੀ ਜਾਣਿਆ ਜਾਂਦਾ ਹੈ।

**ਮਿਆਰ (ਉਦਯੋਗ ਜਾਂ ਸੇਵਾ ਮਿਆਰ):** ਖ਼ਾਸ ਪ੍ਰਕਿਰਿਆਵਾਂ ਜਾਂ ਨਤੀਜੇ ਜੋ ਸੰਸਥਾਵਾਂ ਲੋੜਾਂ ਪੂਰੀਆਂ ਕਰਨ ਜਾਂ ਉਦਯੋਗ ਖੇਤਰ ਵਿੱਚ ਚੰਗੇ ਕੰਮ ਕਰਨ ਦੇ ਤਰੀਕਿਆਂ ਨੂੰ ਲਾਗੂ ਕਰਨ ਲਈ ਪਾਲਣਾ ਕਰ ਸਕਦੀਆਂ ਹਨ।

**ਵਰਚੂਅਲ ਵਲੰਟੀਅਰਿੰਗ (ਜੋ ਰਿਮੋਟ ਵਲੰਟੀਅਰਿੰਗ ਜਾਂ ਔਨਲਾਈਨ ਵਲੰਟੀਅਰਿੰਗ ਵਜੋਂ ਵੀ ਜਾਣੀ ਜਾਂਦੀ ਹੈ):**
ਵਰਚੂਅਲ, ਰਿਮੋਟ ਜਾਂ ਔਨਲਾਈਨ ਵਲੰਟੀਅਰਿੰਗ ਵਿਅਕਤੀਆਂ ਨੂੰ ਸੰਸਥਾਵਾਂ ਨਾਲ ਦੂਰ-ਦੁਰਾਡੇ ਤੋਂ ਕੰਮ ਕਰਨ ਦੀ ਆਗਿਆ ਦਿੰਦੀ ਹੈ। ਵਲੰਟੀਅਰ ਕੰਮ ਔਨਲਾਈਨ ਪੂਰੇ ਕੀਤੇ ਜਾਂਦੇ ਹਨ, ਅਤੇ ਗੱਲਬਾਤ ਇੱਕ ਡਿਜ਼ੀਟਲ ਪਲੇਟਫਾਰਮ ਜਾਂ ਈਮੇਲ ਰਾਹੀਂ ਹੁੰਦੀ ਹੈ।

**ਵਲੰਟੀਅਰ:** ਜੋ ਆਪਣਾ ਸਮਾਂ ਆਮ ਭਲੇ ਲਈ ਅਤੇ ਬਿਨਾਂ ਵਿੱਤੀ ਲਾਭ ਦੇ ਦਿੰਦੇ ਹਨ।

**ਵਲੰਟੀਅਰ ਕਰਨਾ:** ਆਮ ਭਲੇ ਲਈ ਅਤੇ ਵਿੱਤੀ ਲਾਭ ਤੋਂ ਬਿਨਾਂ ਖੁਸ਼ੀ ਨਾਲ ਦਿੱਤਾ ਗਿਆ ਸਮਾਂ।

**ਵਲੰਟੀਅਰ ਪ੍ਰਬੰਧਨ:** ਵਲੰਟੀਅਰਾਂ ਦਾ ਪ੍ਰਬੰਧਨ, ਅਗਵਾਈ ਕਰਨ ਅਤੇ ਸਮਰਥਨ ਕਰਨ ਦਾ ਕੰਮ। ਵਲੰਟੀਅਰ ਕੋਆਰਡੀਨੇਸ਼ਨ ਅਤੇ ਵਲੰਟੀਅਰ ਲੀਡਰਸ਼ਿਪ ਵਜੋਂ ਵੀ ਜਾਣਿਆ ਜਾਂਦਾ ਹੈ।

# ਸੰਪਰਕ ਵੇਰਵੇ

**ਵਲੰਟੀਅਰਿੰਗ ਆਸਟ੍ਰੇਲੀਆ**
volunteeringaustralia.org

**VolunteeringACT**
volunteeringact.org.au

**ਸੈਂਟਰ ਫਾਰ ਵਲੰਟੀਅਰਿੰਗ (NSW)**
volunteering.com.au

**ਵਲੰਟੀਅਰਿੰਗ ਕੁਈਨਜ਼ਲੈਂਡ**
volunteeringqld.org.au

**ਵਲੰਟੀਅਰਿੰਗ SA&NT**
volunteeringsa-nt.org.au

**ਵਲੰਟੀਅਰਿੰਗ ਤਸਮਾਨੀਆ**
volunteeringtas.org.au

**ਵਲੰਟੀਅਰਿੰਗ ਵਿਕਟੋਰੀਆ**
volunteeringvictoria.org.au

**ਵਲੰਟੀਅਰਿੰਗ WA**
volunteeringwa.org.au

Volunteering
AUSTRALIA